# ਮਿਊਂਸੀਪਲ ਕੌਂਸਲ ਮਾਛੀਵਾੜਾ ਸਾਹਿਬ

- ਜਾਣ-ਪਛਾਣ
- ਸਥਿਤੀ
- ਇਤਿਹਾਸਕ ਸ਼ਹਿਰ
- ਮਿਊਂਸੀਪਲ ਕੌਂਸਲ ਅਤੇ ਹੋਰ ਦਫਤਰ
- ਹੋਰ ਸੁਵਿਧਾਵਾਂ
- ਸਿਖਿਆ ਸੰਸਥਾਵਾਂ
- ਵਪਾਰ
- ਆਜਾਦੀ ਘੁਲਾਟੀਏ
- ਮਿਊਂਸਪਲ ਕੌਂਸਲ ਸਟਾਫ
- ਸੰਪਰਕ ਵੇਰਵਾ
- ਆਡਿਟ

## • ਜਾਣ-ਪਛਾਣ

ਮਿਊਂਸੀਪਲ ਕੌਂਸਲ ਮਾਛੀਵਾੜਾ ਸਾਹਿਬ ਸਥਾਨਕ ਸਰਕਾਰ ਵਿਭਾਗ-ਪੰਜਾਬ ਚੰਡੀਗੜ ਦੇ ਅੰਤਰਗਤ ਇੱਕ ਸੀ ਕਲਾਸ ਕਮੇਟੀ ਹੈ। 2011 ਦੀ ਜਨ ਗਣਨਾ ਅਨੁਸਾਰ ਸ਼ਹਿਰ ਦੀ ਆਬਾਦੀ 24916 ਹੈ। ਮਿਊਂਸਪਲ ਕੌਂਸਲ ਮਾਛੀਵਾੜਾ ਸਾਹਿਬ ਵਿੱਚ 15 ਵਾਰਡ ਹਨ।

ਮਿਊਂਸਪਲ ਕੌਂਸਲ ਦੇ ਮੁੱਖ ਕੰਮ ਇਸ ਤਰਾਂ ਹਨ - ਸ਼ੁੱਧ ਪਾਣੀ, ਸੀਵਰੇਜ਼ ਸੁਵਿਧਾਵਾਂ, ਸਟਰੀਟ ਲਾਈਟ ਸੁਵਿਧਾਵਾਂ ਪ੍ਰਦਾਨ ਕਰਨਾ, ਗਲੀਆਂ ਅਤੇ ਨਾਲੀਆਂ ਦੇ ਨਿਰਮਾਣ ਰਾਹੀਂ ਇਲਾਕੇ ਦਾ ਵਿਕਾਸ ਕਰਨਾ ਸਾਫ-ਸਫਾਈ ਰਾਹੀਂ ਸਾਫ-ਸੁੱਥਰਾ ਵਾਤਾਵਰਨ ਪ੍ਰਦਾਨ ਕਰਨਾ। ਮਿਊਂਸਪਲ ਕੌਂਸਲ ਇਹ ਸਾਰੀਆਂ ਸੁਵਿਧਾਵਾਂ, ਪ੍ਰਾਪਰਟੀ ਟੈਕਸ, ਬਿਲਡਿੰਗ ਐਪਲੀਕੇਸ਼ਨ ਫੀਸ, ਆਬਕਾਰੀ ਕਰ, ਜੀ.ਐਸ.ਟੀ. ਸ਼ੇਅਰ ਅਤੇ ਸਰਕਾਰ ਤੋਂ ਪ੍ਰਾਪਤ ਗ੍ਰਾਂਟਾਂ ਰਾਹੀ ਪੈਦਾ ਹੋਏ ਫੰਡਾਂ ਰਾਹੀ ਪ੍ਰਦਾਨ ਕਰਦੀ ਹੈ।




**ਦਫਤਰ ਨਗਰ ਕੌਂਸਲ ਮਾਛੀਵਾੜਾ ਸਾਹਿਬ**

## • ਸਥਿਤੀ

ਇਹ ਸ਼ਹਿਰ ਲੁਧਿਆਣਾ ਤੋਂ 35 ਕਿ.ਮੀ. ਦੂਰੀ ਤੇ, ਸਮਰਾਲਾ ਤੋਂ 9 ਕਿ.ਮੀ., ਚਮਕੌਰ ਸਾਹਿਬ ਤੋਂ 27 ਕਿ.ਮੀ. ਅਤੇ ਰਾਹੋਂ ਤੋਂ 19 ਕਿ.ਮੀ. ਦੀ ਦੂਰੀ ਤੇ ਸਥਿਤ ਹੈ। ਸਤਲੁਜ ਦਰਿਆ ਸ਼ਹਿਰ ਦੇ ਉੱਤਰ ਵੱਲ ਅਤੇ ਸਰਹਿੰਦ ਨਹਿਰ ਇਸ ਦੇ ਦੱਖਣ ਵੱਲ ਸਥਿਤ ਹੈ। ਸ਼ਹਿਰ ਦਾ ਖੇਤਰਫਲ 8.5 ਵਰਗ ਕਿ.ਮੀ. ਹੈ।




**ਖਾਲਸਾ ਚੌਂਕ ਮਾਛੀਵਾੜਾ ਸਾਹਿਬ**

**ਪਹੁੰਚ ਮਾਰਗ :-** ਮਾਛੀਵਾੜਾ ਸਾਹਿਬ ਸ਼ਹਿਰ ਵਿੱਚ ਸਮਰਾਲਾ, ਲੁਧਿਆਣਾ, ਰੋਪੜ, ਚਮਕੌਰ ਸਾਹਿਬ ਅਤੇ ਨਵਾਂ ਸ਼ਹਿਰ ਤੋਂ ਸੜਕ ਮਾਰਗ ਰਾਹੀਂ ਪਹੁੰਚਿਆ ਜਾ ਸਕਦਾ ਹੈ। ਸਤਲੁਜ ਦਰਿਆ ਉਪਰ ਪੁਲ ਬਣਨ ਤੋਂ ਬਾਅਦ ਦੁਆਬਾ ਅਤੇ ਮਾਲਵਾ ਇਲਾਕਿਆਂ ਦੇ ਵਸਨੀਕਾਂ ਦੀ ਆਪਸ ਵਿੱਚ ਪਹੁੰਚ ਸੌਖੀ ਹੋ ਗਈ ਹੈ। ਪਹਿਲਾਂ ਦੋਨਾਂ ਪਾਸਿਆਂ ਦੇ ਲੋਕ ਕਿਸ਼ਤੀਆਂ ਰਾਹੀਂ ਆਉਂਦੇ ਜਾਂਦੇ ਸਨ। ਇਸ ਪੁੱਲ ਦੇ ਬਣਨ ਨਾਲ ਮਾਛੀਵਾੜਾ ਸਾਹਿਬ ਅਤੇ ਰਾਹੋਂ ਵਿਚਲੀ ਦੂਰੀ ਲੱਗਭੱਗ 50 ਕਿ.ਮੀ. ਘੱਟ ਗਈ ਹੈ।

## • ਇਤਿਹਾਸਕ ਸ਼ਹਿਰ

ਮਾਛੀਵਾੜਾ ਸਾਹਿਬ ਇਤਿਹਾਸਕ ਸ਼ਹਿਰ ਹੈ। ਇੱਥੇ ਸਿੱਖਾਂ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਦੀ ਲੜਾਈ ਤੋਂ ਬਾਅਦ ਇਸ ਸ਼ਹਿਰ ਆਏ ਸਨ। ਗੁਰੂ ਜੀ ਨੇ ਪ੍ਰਮਾਤਮਾ ਨੂੰ ਪ੍ਰਾਰਥਨਾ ਕਰਦੇ ਹੋਏ ਇਹ ਸ਼ਬਦ ਉਚਾਰਨ ਕੀਤਾ "ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ"

ਸ਼ਹਿਰ ਵਿੱਚ ਨਿਮਨ ਅਨੁਸਾਰ ਗੁਰੂਦੁਆਰਾ ਸਾਹਿਬ ਹਨ :-

- ਗੁਰੂਦੁਆਰਾ ਸ਼੍ਰੀ ਚਰਨ ਕੰਵਲ ਸਾਹਿਬ

- ਗੁਰੂਦੁਆਰਾ ਸ਼੍ਰੀ ਚੁਬਾਰਾ ਸਾਹਿਬ
- ਗੁਰੂਦੁਆਰਾ ਸ਼੍ਰੀ ਗਨੀ ਖਾਂ ਨਬੀ ਖਾਂ ਸਾਹਿਬ
- ਗੁਰੂਦੁਆਰਾ ਸ਼੍ਰੀ ਕਿਰਪਾਨ ਭੇਟ ਸਾਹਿਬ



**ਗੁਰਦੁਆਰਾ ਸ਼੍ਰੀ ਚਰਨ ਕੰਵਲ ਸਾਹਿਬ**

ਰੋਪੜ ਰੋਡ ਤੇ ਇਕ ਪੁਰਾਣਾ ਸ਼ਿਵ ਮੰਦਿਰ ਹੈ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਾਂਡਵਾਂ ਨੇ ਆਪਣੇ ਅਗਿਆਤਵਾਸ ਦਾ ਕੁੱਝ ਹਿੱਸਾ ਇਥੇ ਗੁਜਾਰਿਆ। ਸ਼ਹਿਰ ਦੀ ਇਤਿਹਾਸਕ ਮਹੱਤਤਾ ਨੂੰ ਦੇਖਦੇ ਹੋਏ 2014 ਵਿੱਚ ਮਾਛੀਵਾੜੇ ਦਾ ਨਾਮ ਬਦਲ ਕੇ ਮਾਛੀਵਾੜਾ ਸਾਹਿਬ ਕਰ ਦਿੱਤਾ ਗਿਆ ਹੈ।

## • ਮਿਊਂਸੀਪਲ ਕੌਂਸਲ ਅਤੇ ਹੋਰ ਦਫਤਰ

ਨਵੰਬਰ 1977 ਵਿੱਚ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਰਾਹੀਂ ਗ੍ਰਾਮ ਪੰਚਾਇਤ ਨੂੰ ਬਦਲ ਕੇ ਨਗਰ ਪੰਚਾਇਤ ਬਣਾ ਦਿੱਤਾ ਗਿਆ। 2008 ਵਿੱਚ ਸਰਕਾਰ ਦੇ ਨੋਟੀਫਿਕੇਸ਼ਨ ਰਾਹੀਂ ਇਸ ਨੂੰ ਦਰਜਾ 3 ਮਿਊਂਸੀਪਲ ਕੌਂਸਲ ਬਣਾ ਦਿੱਤਾ ਗਿਆ। ਇਸ ਵਕਤ ਨਗਰ ਕੌਂਸਲ ਸ਼੍ਰੀ ਸੁਰਿੰਦਰ ਕੁੰਦਰਾ ਦੀ ਪ੍ਰਧਾਨਗੀ ਹੇਠ ਕੰਮ ਕਰ ਰਹੀ ਹੈ। ਸ਼੍ਰੀਮਤੀ ਮਨਜੀਤ ਕੁਮਾਰੀ ਇਸ ਦੀ ਸੀਨੀਅਰ ਉਪ ਪ੍ਰਧਾਨ ਅਤੇ ਸ਼੍ਰੀ ਅਮਰਜੀਤ ਸਿੰਘ ਇਸ ਦੇ ਜੂਨੀਅਰ ਉਪ ਪ੍ਰਧਾਨ ਹਨ। ਇਸ ਤੋਂ ਇਲਾਵਾ ਹੋਰ 12 ਮੈਂਬਰ ਸਾਹਿਬਾਨ ਕਪਿਲ ਅਨੰਦ, ਸਤਿੰਦਰ ਕੌਰ, ਸੁਰਿੰਦਰ ਕੁਮਾਰ, ਪਰਮਜੀਤ ਕੌਰ, ਬਿਮਲਾ ਦੇਵੀ, ਗੁਰਨਾਮ ਸਿੰਘ, ਸੂਰਜ ਕੁਮਾਰ, ਹਰਜੀਤ ਕੌਰ, ਪੁਨੀਤ ਕੌਰ, ਵਿਜੈ ਕੁਮਾਰ, ਹਰਪ੍ਰੀਤ ਕੌਰ, ਪਰਮਜੀਤ ਸਿੰਘ ਹਨ।

ਮਿਊਂਸੀਪਲ ਕੌਂਸਲ ਦੀ ਵਿੱਤੀ ਸਾਲ 2016-17 ਦੀ ਆਮਦਨ 352.98 ਲੱਖ ਰੁਪਏ ਹੈ। ਨਗਰ ਕੌਂਸਲ ਨੇ 183.66 ਲੱਖ ਰੁਪਏ ਤਨਖਾਹਾਂ ਅਤੇ 114.49 ਲੱਖ ਰੁਪਏ ਵਿਕਾਸ ਦੇ ਕੰਮਾਂ ਉਪਰ

ਖਰਚ ਕੀਤੇ। ਇਸ ਤੋਂ ਇਲਾਵਾ ਪੀ.ਆਈ.ਡੀ.ਬੀ. ਤੋਂ ਪ੍ਰਾਪਤ ਹੋਏ 266.35 ਲੱਖ ਰੁਪਏ ਦੀ ਅਰਬਨ ਮਿਸ਼ਨ ਦੀ ਗ੍ਰਾਂਟ ਨਾਲ ਵਿਕਾਸ ਦੇ ਕੰਮ ਲੱਗਭੱਗ ਨੇਪਰੇ ਚੜ ਚੁੱਕੇ ਹਨ।

ਮਾਛੀਵਾੜਾ ਸਾਹਿਬ ਇੱਕ ਸਬ ਤਹਿਸੀਲ ਹੈ। ਇਸ ਵਿੱਚ ਨਾਇਬ ਤਹਿਸੀਲਦਾਰ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਬਾਲ ਵਿਕਾਸ ਪ੍ਰੋਜੈਕਟ ਅਫਸਰ, ਡਾਕ-ਘਰ, ਮਾਰਕੀਟ ਕਮੇਟੀ, ਪੁਲਿਸ ਸਟੇਸ਼ਨ, ਭਾਰਤੀ ਖੁਰਾਕ ਨਿਗਮ, ਪਨਸਪ ਖੁਰਾਕ ਅਤੇ ਸਿਵਲ ਸਪਲਾਈ, ਪੰਜਾਬ ਰਾਜ ਬਿਜਲੀ ਨਿਗਮ ਲਿਮਟਡ, ਟੈਲੀਫੋਨ ਐਕਸਚੇਂਜ, ਮਾਰਕਫੈਡ, ਖੇਤੀਬਾੜੀ ਵਿਕਾਸ ਆਦਿ ਦਫਤਰ ਹਨ।

**ਵਾਟਰ ਸਪਲਾਈ :-** ਸ਼ਹਿਰ ਵਿੱਚ 3 ਟਿਊਬਵੈਲਾਂ ਰਾਹੀਂ ਲੱਗਭੱਗ 90% ਆਬਾਦੀ ਨੂੰ ਪਾਣੀ ਮੁਹੱਈਆ ਕਰਵਾਇਆ ਜਾਂਦਾ ਹੈ। ਸ਼ਹਿਰ ਵਿੱਚ ਸੀਵਰੇਜ ਪਾਇਆ ਜਾ ਚੁੱਕਾ ਹੈ ਅਤੇ ਸੀਵਰੇਜ ਟਰੀਟਮੈਂਟ ਪਲਾਂਟ ਵੀ ਚਾਲੂ ਹੋ ਚੁੱਕਾ ਹੈ। ਮਿਤੀ 01.08.2015 ਤੋਂ ਪਾਣੀ ਅਤੇ ਸੀਵਰੇਜ ਦਾ ਚਾਰਜ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਪਾਸ ਹੈ।

- ## ਹੋਰ ਸੁਵਿਧਾਵਾਂ

**ਸਿਹਤ ਸੇਵਾਵਾਂ :-** ਮਾਛੀਵਾੜਾ ਸਾਹਿਬ ਦੀ ਆਬਾਦੀ ਨੂੰ ਕਮਿਊਨਿਟੀ ਹੈਲਥ ਸੈਂਟਰ ਦੇ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀ ਟੀਮ ਰਾਹੀਂ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ਕਮਿਊਨਿਟੀ ਹੈਲਥ ਸੈਂਟਰ ਵਿੱਚ ਇੱਕ ਹੋਮਿਉਪੈਥਿਕ ਡਿਸਪੈਂਸਰੀ ਵੀ ਹੈ। ਕਮਿਊਨਿਟੀ ਹੈਲਥ ਸੈਂਟਰ ਵਿੱਚ ਆਲੇ-ਦੁਆਲੇ ਦੀ ਪਿੰਡਾਂ ਦੀ ਬਹੁਤਾਤ ਗਿਣਤੀ ਵਿੱਚ ਮਰੀਜ ਆਉਂਦੇ ਹਨ। ਸ਼ਹਿਰ ਵਿੱਚ ਕਈ ਪ੍ਰਾਈਵੇਟ ਕਲੀਨਿਕ ਅਤੇ ਨਰਸਿੰਗ ਹੋਮ ਵੀ ਹਨ। ਇਸ ਤੋਂ ਇਲਾਵਾ ਇੱਕ ਵੈਟਰਨਟੀ ਹਸਪਤਾਲ ਵੀ ਹੈ।

**ਪਾਰਕ :-** ਸ਼ਹਿਰ ਵਿੱਚ 11 ਪਾਰਕ ਹਨ :-

- ਰਾਧਾ ਕ੍ਰਿਸ਼ਨ ਪਾਰਕ
- ਐਸ.ਜੇ.ਐਸ. ਨਗਰ ਪਾਰਕ 1
- ਐਸ.ਜੇ.ਐਸ. ਨਗਰ ਪਾਰਕ 2
- ਐਸ.ਜੇ.ਐਸ. ਨਗਰ ਪਾਰਕ 3
- ਦਸ਼ਮੇਸ਼ ਨਗਰ ਪਾਰਕ 1
- ਦਸ਼ਮੇਸ਼ ਨਗਰ ਪਾਰਕ 2
- ਬੈਂਕ ਕਲੋਨੀ ਪਾਰਕ 1
- ਬੈਂਕ ਕਲੋਨੀ ਪਾਰਕ 2
- ਇੰਦਰਾ ਕਲੋਨੀ ਪਾਰਕ
- ਬਾਲਮੀਕ ਮੁਹੱਲਾ ਪਾਰਕ
- ਮਾਡਲ ਟਾਊਨ ਪਾਰਕ

- ## ਸਿਖਿਆ ਸੰਸਥਾਵਾਂ

ਮਾਛੀਵਾੜਾ ਸਾਹਿਬ ਦਾ ਸਿਖਿਆ ਖੇਤਰ ਵਿੱਚ ਚੰਗਾ ਰਿਕਾਰਡ ਹੈ। 1985 ਤੋਂ ਲੜਕੀਆਂ ਲਈ ਡਿਗਰੀ ਕਾਲਜ ਦੀ ਸੁਵਿਧਾ ਹੈ। ਇਸ ਵਿੱਚ 2 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਨ ਇੱਕ ਲੜਕੀਆਂ ਲਈ ਅਤੇ ਦੂਜਾ ਲੜਕਿਆਂ ਲਈ ਹੈ। 5 ਸਰਕਾਰੀ ਪ੍ਰਾਇਮਰੀ ਸਕੂਲ ਵੀ ਇਲਾਕੇ ਨੂੰ ਸੇਵਾ ਦੇ ਰਹੇ ਹਨ। ਕਈ ਪ੍ਰਾਈਵੇਟ ਸੰਸਥਾਵਾਂ ਵਲੋਂ ਵੀ ਸਿਖਿਆ ਪ੍ਰਦਾਨ ਕੀਤੀ ਜਾਂਦੀ ਹੈ।

- **ਵਪਾਰ**

ਮਾਛੀਵਾੜਾ ਸਾਹਿਬ ਸ਼ਹਿਰ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਵਸਨੀਕਾਂ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਦਾ ਹੈ। ਇਸ ਵਿੱਚ ਇੱਕ ਵੱਡੀ ਹੋਲ ਸੇਲ ਅਤੇ ਰਿਟੇਲ ਮਾਰਕੀਟ, 4 ਪੈਟਰੋਲ ਪੰਪ ਅਤੇ 2 ਐਲ.ਪੀ.ਜੀ. ਗੈਸ ਏਜੰਸੀਆਂ ਹਨ। ਸ਼ਹਿਰ ਦੀ ਅਨਾਜ ਮੰਡੀ ਵਿੱਚ ਲੱਗਭੱਗ 250 ਆੜ੍ਹਤੀ ਹਨ। ਸ਼ਹਿਰ ਵਿੱਚ 10 ਤੋਂ ਜਿਆਦਾ ਚੌਲ ਮਿਲਾਂ, ਇੱਕ ਕੋਲਡ ਸਟੋਰ ਅਤੇ ਇੱਕ ਬਰਫ ਦਾ ਕਾਰਖਾਨਾ ਹੈ। ਸ਼ਹਿਰ ਦੇ ਆਲੇ-ਦੁਆਲੇ ਪ੍ਰਸਿੱਧ ਬਿਜਨਸ ਘਰਾਣਿਆਂ ਦੀਆਂ ਕਈ ਫੈਕਟਰੀਆਂ ਹਨ।ਵਪਾਰ ਵੱਧ ਹੋਣ ਕਾਰਨ ਇੱਥੇ ਤਕਰੀਬਨ 15 ਬੈਂਕ ਖੁੱਲ ਚੁੱਕੇ ਹਨ।

- **ਆਜਾਦੀ ਘੁਲਾਟੀਏ**

ਬ੍ਰਿਟਿਸ਼ ਰਾਜ ਤੋਂ ਦੇਸ਼ ਦੀ ਆਜਾਦੀ ਲਈ ਸ਼ਹਿਰ ਦੇ 7 ਵਿਅਕਤੀਆਂ ਨੇ ਲੜਾਈ ਲੜੀ ਜੋ ਕਿ ਨਿਮਨ ਅਨੁਸਾਰ ਹਨ :-

- ਡਾਕਟਰ ਸ਼ੰਕਰ ਦਾਸ ਪੁੱਤਰ ਸ਼੍ਰੀ ਸਲਿਗ ਰਾਮ
- ਸ਼੍ਰੀਮਤੀ ਹਰਦੇਈ ਪਤਨੀ ਸ਼੍ਰੀ ਸ਼ੰਕਰ ਦਾਸ
- ਸ਼੍ਰੀ ਓਮ ਪ੍ਰਕਾਸ਼ ਪੁੱਤਰ ਸ਼੍ਰੀ ਮੁੱਲਾ ਰਾਮ
- ਸ਼੍ਰੀ ਰਾਮ ਗੋਪਾਲ ਰਿੰਦ ਪੁੱਤਰ ਗੇਂਦਾ ਰਾਮ
- ਸ਼੍ਰੀ ਦਿਵਾਨ ਚੰਦ ਪੁੱਤਰ ਪੰਡਤ ਲਛਮਣ ਦਾਸ
- ਸ਼੍ਰੀ ਕੇਦਾਰ ਨਾਥ ਸ਼ਰਮਾ
- ਸ਼੍ਰੀ ਰਾਮ ਜੱਸ ਜੈਨ ਪੁੱਤਰ ਸ਼੍ਰੀ ਵਲੈਤੀ ਰਾਮ

- **ਮਿਊਂਸਪਲ ਕੌਂਸਲ ਸਟਾਫ**

| ਲੜੀ ਨੰ. | ਨਾਮ (ਸਰਵ ਸ਼੍ਰੀ) | ਅਹੁਦਾ | ਬਰਾਂਚ |
|---|---|---|---|
| 1. | ਜਸਵੀਰ ਸਿੰਘ | ਕਾਰਜ ਸਾਧਕ ਅਫਸਰ | ਦਫਤਰ ਦਾ ਸਮੁੱਚਾ ਇੰਚਾਰਜ |
| 2 | ਜਗਪਾਲ ਸਿੰਘ | ਸਹਾਇਕ ਮਿਊਂਸੀਪਲ ਇੰਜੀਨੀਅਰ | ਤਕਨੀਕੀ ਸ਼ਾਖਾ ਮੁੱਖੀ |
| 3. | ਸੰਜੀਵ ਕੁਮਾਰ | ਲੇਖਾਕਾਰ | ਲੇਖਾ ਬਰਾਂਚ ਮੁੱਖੀ |
| 4. | ਹਰਮੇਲ ਸਿੰਘ | ਭਾਗ ਅਫਸਰ | ਵਿਕਾਸ ਦੇ ਕੰਮ |
| 5. | ਜਸਪਾਲ ਸਿੰਘ | ਸੈਨਟਰੀ ਇੰਸਪੈਕਟਰ | ਸ਼ਹਿਰ ਦੀ ਸਾਫ ਸਫਾਈ ਦਾ ਮੁੱਖੀ |
| 6. | ਖਾਲੀ | ਜਨਰਲ ਇੰਸਪੈਕਟਰ | ਟੈਕਸ ਪ੍ਰਾਪਤੀ ਦੀ ਸੁਪਰਵਿਜ਼ਨ |
| 7. | ਮਹਿੰਦਰ ਸਿੰਘ | ਲੇਖਾ ਕਲਰਕ | ਲੇਖਿਆਂ ਦਾ ਕੰਮ ਅਤ ਕੈਸ਼ੀਅਰ |
| 8. | ਸਤਨਾਮ ਸਿੰਘ | ਟੈਕਸ ਕਲਰਕ | ਹਾਊਸ ਟੈਕਸ ਅਤੇ ਪ੍ਰਾਪਰਟੀ ਟੈਕਸ ਦੀ ਰਿਕਵਰੀ |
| 9. | ਰੋਹਿਤ ਜੈਨ | ਰੈਂਟ ਕਲਰਕ ਅਤੇ ਚੋਣ ਕਲਰਕ | ਕਿਰਾਇਆ ਦੀ ਪ੍ਰਾਪਤੀ ਅਤੇ ਚੋਣਾਂ |
| 10. | ਰਾਜ ਕੁਮਾਰ | ਬਿਲਡਿੰਗ ਅਤੇ ਕੋਰਟ ਕਲਰਕ | ਬਿਲਡਿੰਗ ਐਪਲੀਕੇਸ਼ਨ ਦੀ ਰਿਕਵਰੀ ਅਤੇ ਕੋਰਟ ਕੇਸਾਂ ਦੀ ਨਿਗਰਾਨੀ। |
| 11. | ਸੁਖਦੇਵ ਸਿੰਘ | ਵਰਕਸ ਕਲਰਕ | ਵਿਕਾਸ ਦੇ ਕੰਮਾਂ ਵਿੱਚ ਸਹਾਇਤਾ ਕਰਨੀ। |
| 12. | ਜਗਵੀਰ ਸਿੰਘ | ਜਨਮ ਅਤੇ ਮੌਤ ਕਲਰਕ | ਜਨਮ ਅਤੇ ਮੌਤ ਸਰਟੀਫਿਕੇਟ ਜਾਰੀ ਕਰਨਾ, ਡੈਅਰੀ -ਡਿਸਪੈਚ |

- **ਸੰਪਰਕ ਵੇਰਵਾ**

| | |
|---|---|
| ਨਗਰ ਕੌਂਸਲ ਦਫਤਰ | 01628- 250001, 250801 |

- **ਆਡਿਟ :-**

ਨਗਰ ਕੌਂਸਲ ਦੇ ਲੇਖਿਆਂ ਦਾ Examiner Local Fund (Audit) ਵਲੋਂ ਮਿਤੀ 31.03.2014 ਤੱਕ ਆਡਿਟ ਕੀਤਾ ਹੋਇਆ ਹੈ। ਸਾਲ 2014-15, 2015-16 ਅਤੇ 2016-17 ਦਾ ਆਡਿਟ Pr. Accountant General (Audit) Punjab Chandigarh ਵਲੋਂ ਕੀਤਾ ਗਿਆ ਹੈ। ਪ੍ਰਾਪਤ ਹੋਏ ਆਡਿਟ ਪੈਰਿਆਂ ਦੀ ਉੱਤਰਮਾਲਾ ਭੇਜੀ ਹੋਈ ਹੈ।